ਨਿਊਜ਼ ਰਿਲੀਜ਼

# ਪਰਿਵਾਰਕ ਨਿਆਂ ਸੇਵਾਵਾਂ ਤੱਕ ਪਹੁੰਚ ਨੂੰ ਵਧਾਉਣਾ

1 ਦਸੰਬਰ 2023

ਇਕ ਨਵੀਂ ਫੈਮਿਲੀ ਜਸਟਿਸ ਸਟ੍ਰੈਟਜੀ (ਪਰਿਵਾਰਕ ਨਿਆਂ ਰਣਨੀਤੀ) ਐਲਬਰਟਾ ਵਾਸੀਆਂ ਲਈ ਫੈਮਿਲੀ ਕੋਰਟਾਂ ਦੇ ਮਾਮਲਿਆਂ ਨਾਲ ਨਿਪਟਣ ਨੂੰ ਸੁਖਾਲਾ ਬਣਾਵੇਗੀ।

ਪਰਿਵਾਰਕ ਮਾਮਲਿਆਂ ਨੂੰ ਅਦਾਲਤਾਂ ਤੋਂ ਬਾਹਰ ਸੁਲਝਾਅ ਲੈਣਾ ਬੱਚਿਆਂ ਅਤੇ ਪਰਿਵਾਰਾਂ ਉਪਰ ਪੈਂਦੇ ਤਣਾਉ ਨੂੰ ਘਟਾ ਸਕਦਾ ਹੈ। ਐਲਬਰਟਾ ਸਰਕਾਰ ਐਲਬਰਟਾ ਵਾਸੀਆਂ, ਵਿਸ਼ੇਸ਼ ਕਰਕੇ ਉਨ੍ਹਾਂ ਲੋਕਾਂ ਦੀ ਸਹਾਇਤਾ ਕਰਨ ਲਈ ਪਰਿਵਾਰਕ ਨਿਆਂ ਪ੍ਰਬੰਧ 'ਚ ਸੁਧਾਰ ਲਿਆ ਰਹੀ ਹੈ, ਜਿਹੜੇ ਤਲਾਕ, ਪਤੀ ਪਤਨੀ ਦਰਮਿਆਨ ਸਹਾਇਤਾ ਸਮਝੌਤਿਆਂ, ਬੱਚਿਆਂ ਦੀ ਪਰਵਰਿਸ਼ ਦੇ ਪ੍ਰਬੰਧਾਂ ਜਾਂ ਬੱਚਿਆਂ ਲਈ ਸਹਾਇਤਾ ਦੇ ਆਰਡਰਾਂ ਸਬੰਧੀ ਆਪਣੀ ਪ੍ਰਤਿਨਿਧਤਾ ਆਪ ਹੀ ਕਰ ਰਹੇ ਹਨ, ਲਈ ਪਰਿਵਾਰਕ ਨਿਆਂ ਪ੍ਰਬੰਧ 'ਚ ਸੁਧਾਰ ਲਿਆ ਰਹੀ ਹੈ ਤਾਂ ਕਿ ਉਹ ਪਰਿਵਾਰਕ ਕਾਨੂੰਨ ਦੇ ਮੁੱਦਿਆਂ ਨੂੰ ਵਧੇਰੇ ਤੇਜ਼ੀ ਨਾਲ ਸੁਲਝਾ ਸਕਣ।

ਹੁਣ ਦੇ ਸਮੇਂ, ਪਰਿਵਾਰਕ ਨਿਆਂ ਸੇਵਾਵਾਂ ਵੱਖ ਵੱਖ ਅਦਾਲਤਾਂ 'ਚ ਵੱਖ ਵੱਖ ਹਨ, ਅਤੇ ਕੀ ਐਲਬਰਟਾ ਵਾਸੀਆਂ ਨੂੰ ਕੁਝ ਖਾਸ ਸੇਵਾਵਾਂ ਤੱਕ ਪਹੁੰਚ ਹੈ, ਇਹ ਉਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਉਨ੍ਹਾਂ ਦੇ ਕੇਸ ਕਿਸ ਅਦਾਲਤ ਜਾਂ ਵਿਧਾਨ ਦੇ ਤਹਿਤ ਆਉਂਦੇ ਹਨ। ਨਵੀਂ ਫੈਮਿਲੀ ਜਸਟਿਸ ਸਟ੍ਰੈਟਜੀ ਐਲਬਰਟਾ ਕੋਰਟ ਆਫ ਜਸਟਿਸ ਅਤੇ ਕੋਰਟ ਆਫ ਕਿੰਗ'ਜ਼ ਬੈਂਚ ਆਫ ਐਲਬਰਟਾ, ਦੋਹਾਂ 'ਚ ਸੇਵਾਵਾਂ ਨੂੰ ਇਕਸਾਰ ਬਣਾਉਣ 'ਚ ਮਦਦ ਕਰੇਗੀ, ਤਾਂ ਕਿ ਐਲਬਰਟਾ ਵਾਸੀ ਇਕ ਹੀ ਪ੍ਰਕਾਰ ਦੀਆਂ ਸੇਵਾਵਾਂ ਤੱਕ ਪਹੁੰਚ ਕਰ ਸਕਣ, ਭਾਵੇਂ ਉਹ ਕਿਸੇ ਵੀ ਅਦਾਲਤ ਵਿਚ ਜਾਣ। ਐਲਬਰਟਾ ਸਰਕਾਰ ਨੇ ਇਸ ਰਣਨੀਤੀ ਨੂੰ ਬਣਾਉਣ ਲਈ ਐਲਬਰਟਾ ਕੋਰਟ ਆਫ ਜਸਟਿਸ ਅਤੇ ਕੋਰਟ ਆਫ ਕਿੰਗ'ਜ਼ ਬੈਂਚ ਆਫ ਐਲਬਰਟਾ ਨਾਲ ਮਿਲ ਕੇ ਕੰਮ ਕੀਤਾ ਹੈ।

"ਐਲਬਰਟਾ ਸਰਕਾਰ ਉਨ੍ਹਾਂ ਐਲਬਰਟਾ ਵਾਸੀਆਂ ਉੱਪਰਲੇ ਤਣਾਅ ਨੂੰ ਘੱਟ ਕਰਨ ਲਈ ਪਰਿਵਾਰਕ ਨਿਆਂ ਪ੍ਰਬੰਧ ਨੂੰ ਵਧੇਰੇ ਪਹੁੰਚਯੋਗ ਬਣਾ ਰਹੀ ਹੈ, ਜਿਹੜੇ ਪਹਿਲਾਂ ਹੀ ਇਕ ਮੁਸ਼ਕਿਲ ਸਮੇਂ ਦੌਰਾਨ, ਪਰਿਵਾਰਕ ਕਾਨੂੰਨ ਦੇ ਮਾਮਲਿਆਂ ਨਾਲ ਨਿਪਟ ਰਹੇ ਹਨ। ਅਸੀਂ ਪੂਰਵ-ਅਦਾਲਤ ਸੇਵਾਵਾਂ 'ਚ ਵਿਸਥਾਰ ਲਿਆ ਰਹੇ ਤਾਂ ਕਿ ਐਲਬਰਟਾ ਵਾਸੀ ਕੋਈ ਦਾਅਵਾ ਦਾਖਲ ਕਰਨ ਜਾਂ ਅਦਾਲਤ ਜਾਣ ਤੋਂ ਪਹਿਲਾਂ ਕਈ ਸਾਰੀਆਂ ਸੇਵਾਵਾਂ ਤੱਕ ਪਹੁੰਚ ਕਰ ਸਕਣ।"

*Mickey Amery, ਮਿਨਿਸਟਰ ਆਫ ਜਸਟਿਸ ਐਂਡ ਅਟਾਰਨੀ ਜਨਰਲ*

ਕੈਲਗਰੀ ਅਤੇ ਐਡਮੰਟਨ 'ਚ ਪੂਰਵ-ਅਦਾਲਤ ਸੇਵਾਵਾਂ 'ਚ ਵਿਸਥਾਰ ਲਿਆਉਣ ਲਈ ਫੈਮਿਲੀ ਜਸਟਿਸ ਸਟ੍ਰੈਟਜੀ ਨੂੰ ਬੱਜਟ 2023 ਵਿਚੋਂ 5 ਮਿਲੀਅਨ ਡਾਲਰ ਦੇ ਪੂੰਜੀ-ਨਿਵੇਸ਼ ਦੀ ਸਹਾਇਤਾ ਪ੍ਰਾਪਤ ਹੈ। ਇਹ ਸੇਵਾਵਾਂ, ਜਿੰਨ੍ਹਾਂ 'ਚ ਝਗੜੇ ਸੁਲਝਾਉਣ ਦੇ ਬਦਲਵੇਂ ਢੰਗ, ਪਰਿਵਾਰਕ ਅਦਾਲਤ ਕਾਊਂਸਲਰ ਅਤੇ ਪਰਵਰਿਸ਼ ਦਖਲ ਸ਼ਾਮਲ ਹਨ, ਐਲਬਰਟਾ ਵਾਸੀਆਂ ਨੂੰ ਇਹ ਫੈਸਲਾ ਕਰਨ 'ਚ ਮਦਦ ਕਰ ਸਕਦੀਆਂ ਹਨ ਕਿ

ਆਇਆ ਉਹ ਪਰਿਵਾਰਕ ਮਾਮਲੇ ਅਦਾਲਤ ਤੋਂ ਬਾਹਰ ਨਿਪਟਾਅ ਸਕਦੇ ਹਨ ਜਾਂ ਜੇਕਰ ਉਹ ਅਦਾਲਤ 'ਚ ਜਾਣ ਦਾ ਫੈਸਲਾ ਕਰਦੇ ਹਨ ਤਾਂ ਉਹ ਸਾਰੇ ਅਮਲ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਣ।

ਇਸ ਤੋਂ ਇਲਾਵਾ, ਐਲਬਰਟਾ ਸਰਕਾਰ ਇਕ ਆਨਲਾਈਨ ਟੂਲ ਫੈਮਿਲੀ ਰੈਜ਼ੋਲਿਊਸ਼ਨ ਹੱਬ ਵੀ ਲਿਆ ਰਹੀ ਹੈ, ਜਿਸ ਨਾਲ ਪਰਿਵਾਰਕ ਕਾਨੂੰਨ ਦੇ ਮਾਮਲਿਆਂ ਨਾਲ ਨਿਪਟ ਰਹੇ ਐਲਬਰਟਾ ਵਾਸੀਆਂ ਨੂੰ ਜਾਣਕਾਰੀ ਮੁਹੱਈਆ ਹੋਵੇਗੀ। ਫੈਮਿਲੀ ਰੈਜ਼ੋਲਿਊਸ਼ਨ ਹੱਬ ਐਲਬਰਟਾ ਵਾਸੀਆਂ ਨੂੰ, ਜਦੋਂ ਉਹ ਤਲਾਕ ਦੀ ਕਾਰਵਾਈ ਸ਼ੁਰੂ ਕਰਦੇ, ਗਾਰਡੀਅਨਸ਼ਿੱਪ ਲਈ ਅਰਜ਼ੀ ਦਿੰਦੇ ਜਾਂ ਬੱਚਿਆਂ ਦੀ ਪਰਵਰਿਸ਼ ਦੇ ਪ੍ਰਬੰਧਾਂ ਬਾਰੇ ਮੁੜ-ਗੱਲਬਾਤ ਕਰਦੇ ਹਨ, ਆਪਣੇ ਵਿਕਲਪਾਂ ਨੂੰ ਜਾਣਨ ਦਾ ਇਕ ਨਵਾਂ ਤਰੀਕਾ ਪ੍ਰਦਾਨ ਕਰੇਗੀ। ਇਹ ਪਲੈਟਫਾਰਮ ਐਲਬਰਟਾ ਵਾਸੀਆਂ ਨੂੰ ਸੂਬੇ ਭਰ 'ਚ ਦਸੰਬਰ ਮਹੀਨੇ 'ਚ ਉਪਲਬਧ ਹੋਵੇਗਾ।

"ਪਰਿਵਾਰਾਂ ਦੀ ਸਹਾਇਤਾ ਕਰਨ ਲਈ ਯਤਨਾਂ 'ਚ ਤਾਲਮੇਲ ਬਣਾਉਣਾ ਪੂਰੀ ਤਰ੍ਹਾਂ ਅਰਥਪੂਰਨ ਹੈ। ਅਸੀਂ ਫੈਮਿਲੀ ਜਸਟਿਸ ਸਟ੍ਰੈਟਜੀ ਦੇ ਸੇਵਾਵਾਂ ਪ੍ਰਦਾਨ ਕਰਨ ਦੇ ਮਾਡਲ ਦੇ ਢੰਗ ਤਰੀਕਿਆਂ ਦੀ ਸਰਾਹਨਾਂ ਕਰਦੇ ਹਾਂ, ਜਿਹੜਾ ਝਗੜੇ ਨਿਪਟਾਉਣ ਦੇ ਬਦਲਵੇਂ ਸਰੋਤ ਅਤੇ ਕੁਆਲੀਫਾਈਡ ਮੀਡੀਏਸ਼ਨ ਪ੍ਰੈਕਟੀਸ਼ਨਰਾਂ ਦਰਮਿਆਨ ਕੜੀ ਪ੍ਰਦਾਨ ਕਰਨ 'ਚ ਮਦਦ ਕਰੇਗਾ। ਅਸੀਂ ਐਲਬਰਟਾ ਦੇ ਪਰਿਵਾਰਾਂ ਦੀ ਭਲਾਈ ਨੂੰ ਸੁਧਾਰਨ ਅਤੇ ਬੜ੍ਹਾਵਾ ਦੇਣ 'ਚ ਸਹਿਯੋਗੀ ਬਣ ਸਕਣ ਲਈ ਆਸ ਕਰਦੇ ਹਾਂ।"

*Lynn King, ਐਗਜ਼ੈਕੁਟਿਵ ਡਾਇਰੈਕਟਰ, ਅਲਟ੍ਰਨੇਟਿਵ ਡਿਸਪਿਊਟ ਰੈਜ਼ੋਲਿਊਸ਼ਨ ਇੰਸਟੀਚਿਊਟ ਆਫ ਐਲਬਰਟਾ*

"ਐਲਬਰਟਾ ਦੀਆਂ ਅਦਾਲਤਾਂ 'ਚ ਸ਼ੁਰੂ ਕੀਤੀ ਜਾ ਰਹੀ ਨਵੀਂ ਫੈਮਿਲੀ ਜਸਟਿਸ ਸਟ੍ਰੈਟਜੀ ਆਪਣੀ ਸਾਂਝੀ-ਪਰਵਰਿਸ਼ ਨੂੰ ਚਲਾਉਣ ਅਤੇ ਸਬੰਧਤ ਮਾਮਲਿਆਂ 'ਚ ਜੂਝ ਰਹੇ ਮਾਪਿਆਂ ਨੂੰ ਆਪਣੀਆਂ ਚੁਣੌਤੀਆਂ ਦਾ ਇਕ ਅਣ-ਵਿਰੋਧਮਈ ਅਤੇ ਵਧੇਰੇ ਪਰਿਵਾਰ-ਹਿਤੈਸ਼ੀ ਤਰੀਕੇ ਨਾਲ ਪ੍ਰਬੰਧਨ ਕਰਨ ਦਾ ਮੌਕਾ ਦੇਵੇਗੀ। ਬਹੁਤੇ ਕੇਸਾਂ 'ਚ ਪਰਿਵਾਰਕ ਝਗੜਿਆਂ ਦਾ ਹੱਲ ਪਰਿਵਾਰਾਂ ਲਈ ਵਿੱਤੀ ਅਤੇ ਭਾਵੁਕ ਖਰਚਿਆਂ ਅਤੇ ਨਾਲ ਦੀ ਨਾਲ ਕਿਸੇ ਹੱਲ ਤੱਕ ਪਹੁੰਚਣ ਵਿਚਲੇ ਸਮੇਂ ਨੂੰ ਮਹੱਤਵਪੂਰਨ ਰੂਪ 'ਚ ਘਟਾਉਂਦਾ ਹੈ।"

*Sharon J. Crooks, ਬੋਰਡ ਚੇਅਰ, ਐਲਬਰਟਾ ਫੈਮਿਲੀ ਮੀਡੀਏਸ਼ਨ ਸੁਸਾਇਟੀ*

**ਫੌਰੀ ਤੱਥ**

- ਐਲਬਰਟਾ 'ਚ ਪਰਿਵਾਰਕ ਕਾਨੂੰਨ ਦੇ ਮਾਮਲੇ ਕੋਰਟ ਆਫ ਕਿੰਗ'ਜ਼ ਬੈਂਚ ਆਫ ਐਲਬਰਟਾ ਅਤੇ ਐਲਬਰਟਾ ਕੋਰਟ ਆਫ ਜਸਟਿਸ 'ਚ ਸੁਣੇ ਜਾਂਦੇ ਹਨ।
- ਹਰੇਕ ਸਾਲ ਕੋਰਟ ਆਫ ਕਿੰਗ'ਜ਼ ਬੈਂਚ ਆਫ ਐਲਬਰਟਾ ਤਕਰੀਬਨ 60,000 ਨਵੇਂ ਦੀਵਾਨੀ ਅਤੇ ਪਰਿਵਾਰਕ ਮਾਮਲੇ, 9,000 ਤਲਾਕ ਦੇ ਫੈਸਲੇ ਅਤੇ 350 ਦੀਵਾਨੀ ਅਤੇ ਪਰਿਵਾਰਕ ਮੁਕੱਦਮੇ ਵੇਖਦਾ ਹੈ।
- ਐਲਬਰਟਾ ਕੋਰਟ ਆਫ ਜਸਟਿਸ ਤਕਰੀਬਨ 17,000 ਪਰਿਵਾਰਕ ਅਤੇ ਬਾਲ ਸੁਰੱਖਿਆ ਕੇਸ ਸਲਾਨਾਂ ਸੁਣਦੀ ਹੈ।

**ਨਿਊਜ਼ ਰਿਲੀਜ਼**

**ਸਬੰਧਤ ਜਾਣਕਾਰੀ**

- ਤਲਾਕ ਅਤੇ ਵੱਖ ਹੋਣ ਸਬੰਧੀ ਸੇਵਾਵਾਂ ਅਤੇ ਜਾਣਕਾਰੀ

**ਸਬੰਧਤ ਖਬਰਾਂ**

- ਫੈਮਿਲੀ ਰੈਜ਼ੂਲਿਊਸ਼ਨ ਸੇਵਾਵਾਂ 'ਚ ਵਿਸਥਾਰ ਲਈ 5 ਮਿਲੀਅਨ ਡਾਲਰ (29 ਮਾਰਚ 2023)

**ਮੀਡੀਆ ਇੰਨਕੁਆਰੀਆਂ**

Chinenye Anokwuru
Chinenye.Anokwuru@gov.ab.ca
(780) 720-1915
ਸੀਨੀਅਰ ਪ੍ਰੈੱਸ ਸੈਕਰੇਟਰੀ, ਜਸਟਿਸ